# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

## ਨੋਟਿਸ

ਸਕੂਲ ਸਿਖਿਆ ਵਿਭਾਗ ਪੰਜਾਬ ਵਲੋ ਮਾਸਟਰ/ ਮਿਸਟ੍ਰੈਸ ਕਾਡਰ ਦੀਆ ਵਿਸਾ ਵਾਰ ਸੀਨੀਆਰਤਾ ਸੂਚੀਆ ਨੂੰ ਅੰਤਿਮ ਰੂਪ ਦੇ ਕੇ ਮਿਤੀ 19-07-2013 ਨੂੰ ਜਾਰੀ ਕੀਤੀਆ ਗਈਆ ਸੀ। ਇਹ ਸੀਨੀਆਰਤਾ ਸੂਚੀਆ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਹਨ। ਇਹ ਸੂਚੀਆਂ ਜਾਰੀ ਕਰਨ ਤੋ ਬਾਅਦ ਕਈ ਅਧਿਆਪਕਾ ਵਲੋ ਦਫਤਰ ਵਿਖੇ ਪ੍ਰਤੀਬੇਨਤੀ ਦਿਤੀਆ ਗਈਆ ਸਨ ਕਿ ਉਹਨਾ ਦੇ ਨਾਮ ਇਸ ਸੀਨਿਆਰਤਾ ਸੂਚੀਆ ਵਿਚ ਦਰਜ ਨਹੀ ਹਨ। ਇਸ ਤੋ ਇਲਾਵਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 8457 ਆਫ 1999 ਵਿਚ ਦਿੱਤੇ ਫੈਸਲੇ ਅਨੁਸਾਰ ਪੰਜਾਬ ਰਿਕਰੂਟਮੈਂਟ ਆਫ ਟੀਚਰਜ ਆਰਡੀਨੈਸ, 1999, ਬਾਅਦ ਵਿੱਚ ਐਕਟ 1999 ਅਧੀਨ ਲਗੇ ਅਧਿਆਪਕਾ ਨੂੰ ਵੀ ਇਸ ਦਫਤਰ ਦੇ ਹੁਕਮ ਨੰ: 20/486-13 ਅਮਲਾ-2 (6) ਮਿਤੀ 29-04-2014 ਰਾਹੀ ਰੈਗੂਲਰ ਕੀਤਾ ਗਿਆ ਹੈ। ਇਹਨਾ ਅਧਿਆਪਕਾਂ ਨੂੰ ਵੀ ਹੁਣ ਸੀਨੀਆਰਤਾ ਸੂਚੀਆ ਵਿਚ ਸਾਮਲ ਕੀਤਾ ਗਿਆ ਹੈ। ਇਸ ਤੋ ਇਲਾਵਾ ਸਾਲ 2006 ਵਿਚ ਵਿਗਿਆਪਿਤ ਅਸਾਮੀਆ ਵਿਰੁੱਧ ਭਰਤੀ ਹੋਏ ਅਧਿਆਪਕਾ ਨੂੰ ਇਸ ਦਫਤਰ ਦੇ ਪੱਤਰ ਨੰ: 20/19-2015 ਅਮਲਾ-4(1), ਅਮਲਾ-2(6), ਮਿਤੀ 18-01-2016 ਰਾਹੀ ਦਸੰਬਰ 2006 ਤੋ ਨਿਯੁਕਤੀ ਦੀ ਡੀਮਡ ਡੇਟ ਦਿੱਤੀ ਗਈ ਹੈ। ਜਿਸ ਆਧਾਰ ਤੇ ਇਹਨਾ ਦੇ ਵਰੇਵਿਆ ਵਿਚ ਸੋਧ ਕੀਤੀ ਗਈ ਹੈ। ਜਿਹਨਾਂ ਦੇ ਸੀਨੀਆਰਤਾ ਨੰਬਰ ਵਿਚ ਸੋਧ ਕੀਤੀ ਗਈ ਹੈ ਜਾਂ ਜਿਹਨਾਂ ਨੂੰ ਨਵਾਂ ਸੀਨੀਆਰਤਾ ਨੰਬਰ ਅਲਾਟ ਕੀਤਾ ਗਿਆ ਹੈ, ਉਹਨਾਂ ਦੀਆ ਸੂਚੀਆ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ। ਇਹਨਾਂ ਨਾਲ ਨੱਥੀ ਸੂਚੀਆ ਤੇ ਅਗਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਾਰਜ ਮਿਤੀ 23-02-2016 ਤੱਕ ਡਾਇਰੈਕਟੋਰੇਟ ਵਿਖੇ ਨਿੱਜੀ ਪੱਧਰ ਤੇ ਦੇ ਸਕਦਾ ਹੈ। ਇਸ ਮਿਤੀ ਉਪਰੰਤ ਪ੍ਰਾਪਤ ਕਿਸੇ ਇਤਰਾਜ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਬਲਬੀਰ ਸਿੰਘ ਢੋਲ
ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਨੰਬਰ: 16/10-2013ਅਮਲਾ 2(6)
ਮਿਤੀ, 15-02-2016

ਉਤਾਰਾ ਸਮੂਹ ਮੰਡਲ ਸਿਖਿਆ ਅਫਸਰ, ਪੰਜਾਬ ਰਾਜ ਅਤੇ ਸਮੂਹ ਜਿਲਾ ਸਿਖਿਆ ਅਫਸਰ (ਸੈ:ਸਿ:), ਪੰਜਾਬ ਰਾਜ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ (ਸ:ਪ੍-2)